# PUNJABI SUFI SANMPARDAI: ANTARDRISH

# ਪੰਜਾਬੀ ਸੂਫ਼ੀ ਸੰਪ੍ਰਦਾਇ: ਅੰਤਰਦ੍ਰਿਸ਼

ਡਾ. ਮਨਦੀਪ ਸਿੰਘ (Dr. Mandeep Singh)
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ (ਪੰਜਾਬ)
Email ID: meetmandeep08@gmail.com ਮੋਬਾਈਲ: +91-94174-12445

**ਸਾਰ (Abstract)**

*ਸੂਫ਼ੀਵਾਦ ਅਥਵਾ ਤਸੱਵੁਫ਼ ਮੁਕੰਮਲ ਇਸਲਾਮਿਕ ਰਹੱਸਵਾਦੀ ਜੀਵਨ ਦਾ ਅਜਿਹਾ ਅੰਗ ਹੈ, ਜਿਸਦੇ ਬੁਨਿਆਦੀ ਸਿਧਾਂਤ ਕੁਰਾਨ ਉੱਪਰ ਆਧਾਰਿਤ ਹਨ। ਸੂਫ਼ੀ ਸਾਧਨਾ ਦੀਆਂ ਦੋ ਪ੍ਰਮੁੱਖ ਵਿਧੀਆਂ ਹਨ: ਤਰੀਕ-ਏ-ਜਜ਼ਬ ਅਤੇ ਤਰੀਕ-ਏ-ਸਲੂਕ। ਇਹਨਾਂ ਦੋਹਾਂ ਵਿਧੀਆਂ 'ਤੇ ਅਧਾਰਿਤ ਮਾਰਫ਼ਤ ਵਿਲੱਖਣਤਾ ਅਤੇ ਵਿਭਿੰਨਤਾ ਦੀ ਲਖਾਇਕ ਹੈ। ਇਸ਼ਕ 'ਤੇ ਅਧਾਰਿਤ ਮਾਰਫ਼ਤ ਦੇ ਧਾਰਨੀ ਸੂਫ਼ੀ ਦਰਵੇਸ਼ ਆਮ ਤੌਰ 'ਤੇ ਸੁਕਰ ਅਤੇ ਵਹਿਦਤ-ਉਲ-ਵਜੂਦ ਦੇ ਧਾਰਨੀ ਹੁੰਦੇ ਹਨ। ਤਰੀਕ-ਏ-ਸਲੂਕ 'ਤੇ ਅਧਾਰਿਤ ਮਾਰਫ਼ਤ ਵਾਲੇ ਸੂਫ਼ੀ ਦਰਵੇਸ਼ ਆਮ ਤੌਰ 'ਤੇ ਸ਼ਰੀਅਤ ਦੇ ਵਧੇਰੇ ਪਾਬੰਦ, ਸਹਿਵ ਅਤੇ ਵਹਿਦਤ-ਉਲ-ਸ਼ਹੂਦ ਦੇ ਧਾਰਨੀ ਹੁੰਦੇ ਹਨ। ਕਿਸੇ ਵੀ ਸੂਫ਼ੀ ਸੰਪ੍ਰਦਾਇ ਨਾਲ ਸੰਬੰਧਿਤ ਦਰਵੇਸ਼ ਦੀ ਅਧਿਆਤਮਕ ਪ੍ਰਕਿਰਤੀ ਉਸਦੇ ਮਿਜ਼ਾਜ ਅਤੇ ਉਸਦੀ ਇਲਾਹੀ ਲੀਨਤਾ 'ਤੇ ਬਹੁਤ ਨਿਰਭਰ ਕਰਦੀ ਹੈ। ਪੰਜਾਬ ਚਿਸ਼ਤੀ, ਕਾਦਰੀ, ਸੁਹਰਾਵਰਦੀ ਅਤੇ ਨਕਸ਼ਬੰਦੀ ਸਿਲਸਿਲਿਆਂ ਦੀਆਂ ਸੂਫ਼ੀ ਗਤੀਵਿਧੀਆਂ ਦਾ ਮਹੱਤਵਪੂਰਨ ਖੇਤਰ ਰਿਹਾ ਅਤੇ ਪੰਜਾਬੀ ਸੂਫ਼ੀ ਕਾਵਿ ਦਾ ਵਿਧੀਵਤ ਆਰੰਭ ਸ਼ੇਖ਼ ਫ਼ਰੀਦ ਸ਼ਕਰਗੰਜ ਨਾਲ ਹੋਇਆ।*

***ਕੀਵਰਡ (Keyword): ਪੰਜਾਬੀ ਸੂਫ਼ੀ ਕਾਵਿ, ਸੂਫ਼ੀਵਾਦ, ਰਹੱਸਵਾਦੀ, ਕਾਦਰੀ, ਚਿਸ਼ਤੀ, ਸੁਹਰਾਵਰਦੀ, ਨਕਸ਼ਬੰਦੀ।***

ਸੂਫ਼ੀਵਾਦ ਅਥਵਾ ਤਸੱਵੁਫ਼ ਮੁਕੰਮਲ ਇਸਲਾਮਿਕ ਰਹੱਸਵਾਦੀ ਜੀਵਨ ਦਾ ਅਜਿਹਾ ਅੰਗ ਹੈ, ਜਿਸਦੇ ਬੁਨਿਆਦੀ ਸਿਧਾਂਤ ਕੁਰਾਨ ਉੱਪਰ ਆਧਾਰਿਤ ਹਨ। 'ਸੂਫ਼ੀ' ਸ਼ਬਦ ਦੀ ਉਤਪਤੀ 'ਸੂਫ਼' ਸ਼ਬਦ ਤੋਂ ਹੋਈ ਹੈ। ਸੂਫ਼ੀਵਾਦ ਦਾ ਆਰੰਭ ਹਜ਼ਰਤ ਮੁਹੰਮਦ ਸਾਹਿਬ ਤੋਂ ਹੀ ਮੰਨਿਆ ਜਾ ਸਕਦਾ ਹੈ। ਉਹਨਾਂ ਤੋਂ ਬਾਅਦ ਇਹ ਬਹੁਤ ਸਾਰੇ ਮੁਲਕਾਂ ਵਿੱਚ ਫੈਲ ਗਿਆ। ਪੰਜਾਬ ਚਿਸ਼ਤੀ, ਕਾਦਰੀ, ਸੁਹਰਾਵਰਦੀ ਅਤੇ ਨਕਸ਼ਬੰਦੀ ਸਿਲਸਿਲਿਆਂ ਦੀਆਂ ਸੂਫ਼ੀ ਗਤੀਵਿਧੀਆਂ ਦਾ ਮਹੱਤਵਪੂਰਨ ਖੇਤਰ ਰਿਹਾ ਅਤੇ ਪੰਜਾਬੀ ਸੂਫ਼ੀ ਕਾਵਿ ਦਾ ਵਿਧੀਵਤ ਆਰੰਭ ਸ਼ੇਖ਼ ਫ਼ਰੀਦ ਸ਼ਕਰਗੰਜ ਨਾਲ ਹੋਇਆ।

ਭਾਰਤ ਵਿੱਚ ਚਿਸ਼ਤੀ ਸੰਪ੍ਰਦਾਇ ਦਾ ਪ੍ਰਵੇਸ਼ ਮੁਈਨੁੱਦੀਨ ਚਿਸ਼ਤੀ (1142-1236 ਈ.) ਦੀ ਆਮਦ ਦੇ ਨਾਲ ਹੋਇਆ। ਉਹਨਾਂ ਦੇ ਅਨੁਸਾਰ ਦਰਵੇਸ਼ ਨੂੰ ਨਿਯਮਾਂ ਦਾ ਪਾਲਨ ਅਵੱਸ਼ ਕਰਨਾ ਚਾਹੀਦਾ ਹੈ। ਇਹ ਨਿਯਮ ਹਨ:

1. ਕਿਸੇ ਤਰਾਂ ਵੀ ਧਨ ਦਾ ਸੰਗ੍ਰਹਿ ਨਾ ਕੀਤਾ ਜਾਵੇ।
2. ਕਿਸੇ ਤੋਂ ਉਧਾਰ ਨਾ ਲਿਆ ਜਾਵੇ।
3. ਭੁੱਖੇ ਹੋਣ 'ਤੇ ਵੀ ਕਿਸੇ ਅੱਗੇ ਹੱਥ ਨਾ ਅੱਡਿਆ ਜਾਵੇ।
4. ਜੋ ਕੁੱਝ ਆਪਣੀ ਲੋੜ ਤੋਂ ਵੱਧ ਪ੍ਰਾਪਤ ਹੋਵੇ, ਉਸਨੂੰ, ਸੰਝ ਹੁੰਦਿਆਂ ਹੀ ਗ਼ਰੀਬਾਂ ਵਿੱਚ ਵੰਡ ਦਿੱਤਾ ਜਾਵੇ।
5. ਕਿਸੇ ਦੇ ਬੁਰੇ ਦੀ ਕਾਮਨਾ ਨਾ ਕੀਤੀ ਜਾਵੇ। ਦੁਸ਼ਮਣ ਲਈ ਵੀ ਪ੍ਰਾਰਥਨਾ ਕੀਤੀ ਜਾਵੇ ਕਿ ਉਹ ਉਸਨੂੰ ਸਦ- ਬੁੱਧੀ ਪ੍ਰਦਾਨ ਕਰੇ।
6. ਹਰ ਚੰਗੇ ਕਰਮ ਨੂੰ ਗੁਰੂ- ਕਿਰਪਾ ਦਾ ਫਲ਼ ਸਮਝਿਆ ਜਾਵੇ ਅਤੇ ਉਸਦੇ ਲਈ ਵਾਹਵਾ ਦੀ ਇੱਛਾ ਨਾ ਕੀਤੀ ਜਾਵੇ।
7. ਹਰ ਮੰਦੇ ਕਰਮ ਲਈ ਖ਼ੁਦ ਨੂੰ ਦੋਸ਼ੀ ਸਮਝਿਆ ਜਾਵੇ ਅਤੇ ਭਵਿੱਖ ਵਿੱਚ ਅਜਿਹੇ ਕਰਮਾਂ ਤੋਂ ਬਚਣ ਦਾ ਸੰਕਲਪ ਕੀਤਾ ਜਾਵੇ।
8. ਦਿਨ ਫ਼ਾਕੇ ਵਿੱਚ ਅਤੇ ਰਾਤ ਧਿਆਨ ਵਿੱਚ ਗੁਜ਼ਾਰੀ ਜਾਵੇ।
9. ਵਾਕ- ਸੰਜਮ ਧਾਰਿਆ ਜਾਵੇ। ਬੋਲਿਆ ਉਦੋਂ ਹੀ ਜਾਵੇ, ਜਦੋਂ ਬੋਲਣਾ ਆਵੱਸ਼ਕ ਹੋਵੇ।

ਕਾਦਰੀ ਸੰਪ੍ਰਦਾਇ ਦੇ ਮੋਢੀ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਸਨ ਜੋ ਈਰਾਨ ਦੇ ਮਸ਼ਹੂਰ ਸ਼ਹਿਰ ਜੀਲਾਨ ਵਿੱਚ 1077 ਈ. ਵਿੱਚ ਪੈਦਾ ਹੋਏ ਸਨ ਜੋ ਕੈਸਪੀਅਨ ਸਾਗਰ ਦੇ ਉੱਤਰ ਵੱਲ ਹੈ। ਕਾਦਰੀਆ ਸੰਪ੍ਰਦਾਇ ਦਾ ਨਿਸ਼ਾਨ

ਗੁਲਾਬ ਦਾ ਫੁੱਲ ਹੈ। ਇਸ ਨਿਸ਼ਾਨ ਬਾਰੇ ਲੋਕਾਂ ਵਿੱਚ ਇਹ ਰਵਾਇਤ ਮਸ਼ਹੂਰ ਹੈ, ਜਿਸ ਦਾ ਸਮਰਥਨ ਖਜ਼ੀਨਾ-ਤੁਲ-ਅਸਫ਼ੀਆ ਵਿੱਚ ਮਿਲਦਾ ਹੈ। ਕਾਨੂੰਨੇ-ਇਸਲਾਮ ਅਨੁਸਾਰ ਪਿਆਰ ਦੀ ਮਸਤੀ ਵਿੱਚ ਆ ਕੇ, ਜੀਲਾਨੀ ਬੇਹੋਸ਼ ਹੋ ਜਾਣ ਨੂੰ ਰੱਬ ਦੀ ਪ੍ਰਾਪਤੀ ਖ਼ਿਆਲ ਕਰਦੇ ਸਨ। ਕਾਦਰੀਆ ਸੰਪ੍ਰਦਾਇ ਵਿੱਚ ਤਿੰਨ ਦਰਜੇ ਬੜੇ ਹੀ ਉੱਘੇ ਸਨ: (1) ਮੁਰੀਦ (2) ਖ਼ਲੀਫ਼ਾ (3) ਸ਼ੇਖ਼। ਪਰਮਾਤਮਾ ਦੀ ਪ੍ਰਾਪਤੀ ਲਈ ਹਰ ਕਾਦਰੀ ਸੂਫ਼ੀ ਸੰਤ ਨੂੰ ਮੁਰਸ਼ਦ ਵੱਲੋਂ ਜ਼ਿਕਰ (ਨਾਮ ਸਿਮਰਨ) ਦੀ ਸਿੱਖਿਆ ਦਿੱਤੀ ਜਾਂਦੀ ਸੀ। ਜ਼ਿਕਰ ਅਧੀਨ ਇਹ ਸਿਧਾਂਤ ਛਪਿਆ ਹੋਇਆ ਸੀ ਕਿ ਚਾਰ ਵਾਰ ਅੱਲ੍ਹਾ ਦਾ ਨਾਮ ਧਿਆਇਆ ਜਾਵੇ। ਕਾਦਰੀ ਸੂਫ਼ੀ ਫ਼ਕੀਰ ਇਸ ਢੰਗ ਨੂੰ 'ਜ਼ਰਬੀ ਢੰਗ' ਆਖਦੇ ਸਨ ਜਿਵੇਂ ਯਕ ਜ਼ਰਬੀ, ਦੋ ਜ਼ਰਬੀ, ਸੇਹ ਜ਼ਰਬੀ, ਚਹਾਰ ਜ਼ਰਬੀ। *ਅਬਦੁਲ ਕਾਦਿਰ ਨੇ ਸੂਫ਼ੀ-ਸਾਧਨਾ ਦੀਆਂ ਤਿੰਨ ਅਵਸਥਾਵਾਂ ਨਿਰਧਾਰਿਤ ਕੀਤੀਆਂ ਹਨ*[1] :

1. ਪਹਿਲੀ ਅਵਸਥਾ ਵਿੱਚ ਸਾਧਕ ਪ੍ਰਭੂ ਦੇ ਨਾਂ ਦਾ ਜਾਪ (ਕਰ) ਕਰੇ।
2. ਦੂਜੀ ਅਵਸਥਾ ਵਿੱਚ ਉਹ ਹਰ ਚੀਜ਼ ਅੰਦਰ ਪ੍ਰਭੂ ਦੀ ਮੌਜੂਦਗੀ ਨੂੰ ਅਨੁਭਵ ਕਰੇ। ਕਿਸੇ ਵੀ ਚੀਜ਼ ਦਾ ਉਸ ਦੇ ਲਈ ਕੋਈ ਮਹੱਤਵ ਨਾ ਰਹੇ, ਹਰ ਪਾਸੇ ਉਸ ਨੂੰ ਈਸ਼ਵਰ ਦਾ ਜਲਵਾ ਹੀ ਵਿਖਾਈ ਦੇਵੇ।
3. ਤੀਜੀ ਅਵਸਥਾ ਵਿੱਚ ਸਾਧਕ ਵਿਚਾਰ- ਸੁੰਨ ਹੋ ਜਾਵੇ। ਹਰ ਪਾਸੇ ਦਿਸ ਰਿਹਾ ਖ਼ੁਦਾ ਦਾ ਜਲਵਾ ਉਸ ਦੇ ਲਈ ਖ਼ੁਦਾ- ਰੂਪ ਹੋ ਜਾਵੇ। ਉਹ ਹਰ ਵਸਤੂ ਅੰਦਰ ਖ਼ੁਦਾ ਦਾ ਜਲਵਾ ਵੇਖਣ ਦੀ ਥਾਵੇਂ ਹਰ ਵਸਤੂ ਅੰਦਰ ਖ਼ੁਦਾ ਨੂੰ ਵੇਖੇ।

ਸੁਹਰਾਵਰਦੀ ਸੰਪ੍ਰਦਾਇ ਦੇ ਬਾਨੀ ਸ਼ੇਖ਼ ਸ਼ਿਹਾਬੁੱਦੀਨ ਸੁਹਰਾਵਰਦੀ ਬਗ਼ਦਾਦੀ (1145-1234 ਈ.) ਸਨ। ਭਾਵੇਂ ਸ਼ਿਹਾਬੁੱਦੀਨ ਨੇ ਇਸਲਾਮੀ ਵਿਧੀ-ਵਿਧਾਨ ਦੀ ਸਿੱਖਿਆ ਸ਼ੇਖ਼ ਅਬਦੁਲ ਕਾਦਰ ਜੀਲਾਨੀ ਪਾਸੋਂ ਪ੍ਰਾਪਤ ਕੀਤੀ ਸੀ, ਪਰ ਸੂਫ਼ੀਮਤ ਵਿੱਚ ਉਹਨਾਂ ਦੀ ਦੀਖਿਆ ਕਰਨ ਵਾਲੇ ਸ਼ੇਖ਼ ਅਬੂਨੰਜੀਬ ਸਨ। ਸੂਫ਼ੀ-ਸਾਧਨਾ ਸੰਬੰਧੀ ਉਹਨਾਂ ਦੀ ਪੁਸਤਕ 'ਅਵਾ ਰਿਫੂਲਮ ਆਰਿਫ਼' ਨੂੰ ਅੱਜ ਵੀ ਇਸ ਵਿਸ਼ੇ ਦੇ ਪ੍ਰਮਾਣਿਕ ਗ੍ਰੰਥਾਂ ਵਿੱਚ ਗਿਣਿਆ ਜਾਂਦਾ ਹੈ। *ਸ਼ੇਖ਼ ਸੁਹਰਾਵਰਦੀ ਨੇ ਸਾਧਨਾ ਦੇ ਸਿਧਾਂਤਾਂ ਨੂੰ ਕੁਰਆਨ ਦੇ ਉੱਕਾ ਅਨੁਕੂਲ ਸਿੱਧ ਕਰਨ ਵਿੱਚ ਬੜਾ ਕਮਾਲ ਵਿਖਾਇਆ ਅਤੇ ਸੂਫ਼ੀਮਤ ਵਿਰੋਧੀ ਮੁਸਲਮਾਨਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਸੁਹਰਾਵਰਦੀ ਨੇ ਮਨੁੱਖੀ-ਚੇਤਨਾ ਦੇ ਪੱਧਰ ਨਿਰਧਾਰਿਤ ਕੀਤੇ। ਇੱਕ 'ਨਿਮਨ ਪੱਧਰ', ਜੋ ਸੰਸਾਰਿਕ ਭੋਗ-ਵਿਲਾਸ ਵੱਲ ਆਕਰਸ਼ਿਤ ਕਰਕੇ ਮਨੁੱਖ ਨੂੰ ਪਾਪ ਕਰਮਾਂ ਲਈ ਪ੍ਰੇਰਿਤ ਕਰਦਾ ਹੈ ਅਤੇ ਦੂਜਾ 'ਉੱਚ ਪੱਧਰ', ਜਿਸਦੇ ਦੁਆਰਾ ਮਨੁੱਖ ਸੰਸਾਰਿਕ ਮੋਹ ਮਾਇਆ ਤੋਂ ਉਪਰਾਮ ਹੋ ਕੇ ਅਧਿਆਤਮ- ਸਾਧਨਾ ਵੱਲ ਆਕਰਸ਼ਿਤ ਹੁੰਦਾ ਹੈ।*[2]

ਨਕਸ਼ਬੰਦੀ ਸੰਪ੍ਰਦਾਇ ਦਾ ਆਰੰਭ ਖ਼ਵਾਜਾ ਬਹਾਉੱਦੀਨ ਨਕਸ਼ਬੰਦ (1318-1389 ਈ.) ਤੋਂ ਹੁੰਦਾ ਹੈ। *ਖ਼ਵਾਜਾ ਨਕਸ਼ਬੰਦ ਸਿਲਸਿਲਾ-ਏ-ਖ਼ਾਜਗਾਨ ਦੇ ਪ੍ਰਸਿੱਧ ਸੂਫ਼ੀ ਸੰਤ ਖ਼ਵਾਜਾ ਅਬਦੁਲ ਖਾਲਿਕ ਗੁਜ਼ਦੁਵਾਨੀ ਦੇ ਸ਼ਿਸ਼ ਸਨ। ਉਹਨਾਂ ਸ਼ੇਖ਼ ਗੁਜ਼ਦੁਵਾਨੀ ਵੱਲੋਂ ਨਿਰਧਾਰਿਤ ਦਰਵੇਸ਼ੀ ਦੇ ਅੱਠ ਨਿਯਮਾਂ ਵਿਚ ਤਿੰਨ ਹੋਰ ਨਿਯਮ ਆਪਣੇ ਵੱਲੋਂ ਰਲਾ ਕੇ ਆਪਣੇ ਸੰਪ੍ਰਦਾਇ ਦੇ ਸੂਫ਼ੀਆਂ ਲਈ ਗਿਆਰਾਂ-ਸੂਤਰੀ ਨਿਯਮਾਵਲੀ ਤਿਆਰ ਕੀਤੀ, ਜਿਸ ਕਾਰਨ ਸੂਫ਼ੀਆਂ ਦਾ ਇੱਕ ਨਵਾਂ ਸੰਪ੍ਰਦਾਇ ਹੋਂਦ ਵਿੱਚ ਆ ਗਿਆ।*[3]

ਖ਼ਵਾਜਾ ਨਕਸ਼ਬੰਦ ਦੇ ਨਾਂ'ਤੇ ਇਸ ਸੰਪ੍ਰਦਾਇ ਦਾ ਨਾਂ ਨਕਸ਼ਬੰਦੀ ਸੰਪ੍ਰਦਾਇ ਹੋਇਆ। ਇਹ ਗਿਆਰਾਂ ਨਿਯਮ ਨਿਮਨਲਿਖਤ ਹਨ:

1. ਹੋਸ਼-ਦਰ-ਦਮ: ਇੱਕ ਵੀ ਸਾਹ ਬੇਖ਼ਬਰੀ ਦੀ ਹਾਲਤ ਵਿੱਚ ਨਾ ਲਿਆ ਜਾਵੇ।
2. ਨਜ਼ਰ-ਬਰ-ਕਦਮ: ਨਜ਼ਰ ਆਪਣੇ ਕਦਮਾਂ ਵੱਲ ਰਹੇ ਤਾਂ ਜੋ ਲਖ਼ਸ਼ ਪ੍ਰਾਪਤੀ ਵਿੱਚ ਕੋਈ ਰੁਕਾਵਟ ਨਾ ਆ ਸਕੇ।
3. ਸਫ਼ਰ-ਦਰ-ਬਤਨ: ਧਿਆਨ ਹਿਰਦੇ ਦੀ ਪਵਿੱਤਰਤਾ ਵੱਲ ਰਹੇ।
4. ਖ਼ਲਵਤ-ਦਰ-ਅੰਜੁਮਨ: ਭੀੜ ਵਿੱਚ ਵੀ ਧਿਆਨ ਪਰਮਾਤਮਾ ਵੱਲ ਲੱਗਿਆ ਰਹੇ।
5. ਯਾਦ ਕਰਦੇ: ਜ਼ੁਬਾਨ ਤੇ ਹਿਰਦਾ ਹਰ ਸਮੇਂ ਉਸਦੇ ਨਾਮ ਦਾ ਸਿਮਰਨ ਕਰੇ।
6. ਬਾਜ਼ ਗਸ਼ਤ: ਦਿਲ- ਦਿਮਾਗ ਵਿੱਚ ਹਰ ਸਮੇਂ ਉਸਦਾ ਨਾਮ ਗੂੰਜਦਾ ਰਹੇ।
7. ਨਿਗਾਹਦਾਸ਼ਤ: ਮਨ ਹਰ ਸਮੇਂ ਮੰਦੇ ਕਰਮਾਂ ਪ੍ਰਤੀ ਸਾਵਧਾਨ ਰਹੇ।
8. ਯਾਦਦਾਸ਼ਤ: ਹਰ ਪਲ ਮਨ ਪ੍ਰਭੂ ਦੀ ਵਿੱਦਮਾਨਤਾ ਬਾਰੇ ਸੁਚੇਤ ਰਹੇ।
9. ਵੁਕੂਫ਼ੇ- ਜ਼ਮਾਨੀ: ਨਿਰੰਤਰ ਆਤਮ-ਵਿਸ਼ਲੇਸ਼ਣ ਕੀਤਾ ਜਾਵੇ।
10. ਵੁਕੂਫ਼ੇ- ਅਦਦੀ: ਜਪ ਦੀ ਗਿਣਤੀ ਰਾਹੀਂ ਵਿਚਾਰਾਂ ਦੀ ਭਟਕਣ 'ਤੇ ਰੋਕ ਲਗਾਈ ਜਾਵੇ।

11. ਵੁਕੂਫ਼ੇ- ਕਲਬੀ: ਪ੍ਰਭੂ- ਸਿਮਰਣ ਦੌਰਾਨ ਮਨ ਨੂੰ ਰਤਾ ਵੀ ਭਟਕਣ ਨਾ ਦਿੱਤਾ ਜਾਵੇ।

ਖ਼ਵਾਜਾ ਨਕਸ਼ਬੰਦੀ ਨੇ ਸੂਫ਼ੀ ਸਾਧਕਾਂ ਲਈ ਉਪਰੋਕਤ ਨਿਯਮਾਂ ਦੇ ਨਾਲ-ਨਾਲ ਕਾਲ-ਮੁਕਤੀ, ਇੱਛਾ- ਮੁਕਤੀ ਅਤੇ ਮਨ-ਮੁਕਤੀ ਨਾਮਕ ਤਿੰਨ ਅਵਸਥਾਵਾਂ ਵੀ ਨਿਰਧਾਰਿਤ ਕੀਤੀਆਂ, ਜਿਹਨਾਂ ਸਦਕਾ ਅਸਾਧਕ ਦੀ ਆਤਮਾ ਪਰਮਾਤਵ-ਤੱਤਵ ਦੇ ਨਾਲ ਚਿਰੰਤਨ ਮਿਲਾਪ ਦਾ ਅਨੰਦ ਮਾਣ ਸਕਦੀ ਹੈ। [4]

ਵਿਭਿੰਨ ਸੂਫ਼ੀ ਸੰਪ੍ਰਦਾਵਾਂ ਵਿੱਚ ਭਾਵੇਂ ਕੁੱਝ ਵਿਲੱਖਣਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਮਿਜ਼ਾਜ ਅਤੇ ਪ੍ਰਕਿਰਤੀ ਵਿੱਚ ਅੰਤਰ ਦਿਖਾਈ ਦਿੰਦਾ ਹੈ ਪਰੰਤੂ ਫਿਰ ਵੀ ਮੰਤਵ ਪੱਖੋਂ ਸਭ ਸੰਪ੍ਰਦਾਵਾਂ ਇੱਕਮਿਕਤਾ ਦੀਆਂ ਧਾਰਨੀ ਹਨ। *ਲੱਗਭੱਗ ਸਾਰੀਆਂ ਹੀ ਸੰਪ੍ਰਦਾਵਾਂ ਹਜ਼ਰਤ ਹਸਨ ਬਸਰੀ ਅਤੇ ਹਜ਼ਰਤ ਅਲੀ ਦੇ ਰਾਹੀਂ ਹਜ਼ਰਤ ਮੁਹੰਮਦ ਸਾਹਿਬ ਤੱਕ ਪਹੁੰਚਦੀਆਂ ਹਨ। ਸੰਪ੍ਰਦਾਵਾਂ ਦੇ ਅੰਤਰਗਤ ਜੋ ਇਲਾਹੀ ਸਾਂਝ, ਨੇੜਤਾ ਅਤੇ ਸੰਬੰਧ ਦਰਵੇਸ਼ ਨੂੰ ਪ੍ਰਾਪਤ ਹੁੰਦੀ ਹੈ, ਉਹ ਵਿਭਿੰਨ ਵਿਲੱਖਣਤਾਵਾਂ ਦੀ ਧਾਰਨੀ ਹੁੰਦੀ ਹੈ।* [5]

ਸੂਫ਼ੀ ਸੰਪ੍ਰਦਾਵਾਂ ਆਪਣੇ ਅੰਤਿਮ ਲਕਸ਼ ਪ੍ਰਤੀ ਇੱਕਮੱਤ ਹਨ ਭਾਵੇਂ ਇਸਦੀ ਪ੍ਰਾਪਤੀ ਹਿੱਤ ਵਿਭਿੰਨ ਸੰਪ੍ਰਦਾਵਾਂ ਦੀਆਂ ਸਾਧਨਾ ਵਿਧੀਆਂ ਵੱਖ-ਵੱਖ ਵਿਧੀਆਂ 'ਤੇ ਬਲ ਦਿੱਤਾ ਜਾਂਦਾ ਹੈ। ਇਹ ਨੁਕਤਾ ਵੀ ਅਹਿਮ ਹੈ ਕਿ ਕਈ ਵਾਰ ਇੱਕ ਦਰਵੇਸ਼ ਇੱਕ ਤੋਂ ਵਧੀਕ ਸਿਲਸਿਲਿਆਂ ਵਿੱਚ ਬੈਅਤ ਹੁੰਦਾ ਹੈ ਅਤੇ ਮੁਰੀਦਾਂ ਨੂੰ ਵੀ ਉਹਨਾਂ ਦੀ ਇੱਛਾ ਅਨੁਸਾਰ ਇਹਨਾਂ ਸਿਲਸਿਲਿਆਂ ਵਿੱਚ ਬੈਅਤ ਕਰ ਲੈਂਦਾ ਹੈ। ਇਸ ਸੰਬੰਧੀ ਮ੍ਰਮੁੱਖ ਮਿਸਾਲ ਹਜ਼ਰਤ ਸ਼ੇਖ਼ ਅਹਿਮਦ ਮੁਜੱਦਿਦ ਅਲਿਫ਼ਸਾਨੀ ਦੀ ਹੈ ਜੋ ਨਕਸ਼ਬੰਦੀਆ ਸਿਲਸਿਲੇ ਤੋਂ ਇਲਾਵਾ ਚਿਸ਼ਤੀਆ ਅਤੇ ਕਾਦਰੀਆ ਸਿਲਸਿਲਿਆਂ ਨਾਲ ਵੀ ਸੰਬੰਧਿਤ ਸਨ। [6]

ਚਿਸ਼ਤੀ ਸੰਪ੍ਰਦਾਇ ਨਾਲ ਸੰਬੰਧਿਤ ਸੂਫ਼ੀਆਂ ਦੀ ਅਧਿਆਤਮਕ ਸੋਚ ਉੱਤੇ ਇਸਲਾਮੀ ਚਿੰਤਨ ਦੀ ਛਾਂ ਸਹਿਜੇ ਹੀ ਪ੍ਰਗਟ ਹੁੰਦੀ ਹੈ। ਬਾਬਾ ਫ਼ਰੀਦ ਦੇ ਸ਼ਲੋਕ ਕਿਤੇ-ਕਿਤੇ ਤਾਂ ਕੁਰਾਨ ਦੀਆਂ ਆਇਤਾਂ ਦਾ ਸਿੱਧਾ ਲਹਿੰਦੀ ਅਨੁਵਾਦ ਹਨ। ਕਈ ਸ਼ਲੋਕ ਐਸੇ ਵੀ ਹਨ ਜਿਹਨਾਂ ਦਾ ਭਾਵ ਅਰਥ ਹਦੀਸਾਂ ਨਾਲ ਬਿੱਲਕੁਲ ਮਿਲਦਾ-ਜੁਲਦਾ ਹੈ। [7]

ਬਾਬਾ ਫ਼ਰੀਦ ਨਿਰਸੰਦੇਹ ਜਿਸ ਆਸ਼ੇ ਨੂੰ ਲੈ ਕੇ ਚੱਲੇ, ਉਹ ਸੀ ਇਸਲਾਮ ਦਾ ਪ੍ਰਚਾਰ ਅਤੇ ਪ੍ਰਸਾਰ ਅਤੇ ਇਹ ਸੁਖੈਨ ਸਥਾਨਕ ਭਾਸ਼ਾ ਜਾਣਨ ਵਾਲੇ ਲੋਕਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ। [8]

ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੇ ਕਾਵਿ ਵਿੱਚ ਸੱਭਿਆਚਾਰਕ ਅਤੇ ਸਮਾਜਿਕ ਬਿੰਬਾਵਲੀ ਦਾ ਆਧਾਰ ਇਸਲਾਮੀ ਅਤੇ ਹਿੰਦੂ ਮੱਤ ਦਾ ਮਿਸ਼ਰਨ ਹੈ। ਉਹਨਾਂ ਦੇ ਧਾਰਮਿਕ ਬਿੰਬ, ਪ੍ਰਤੀਕ ਆਦਿ ਇਸਲਾਮੀ ਚਿੰਤਨ ਵਿੱਚੋਂ ਹਨ, ਉੱਥੇ ਸਮਾਜਿਕ ਅਤੇ ਸੱਭਿਆਚਾਰਕ ਬਿੰਬ ਅਤੇ ਪ੍ਰਤੀਕ ਆਰੀਅਨ ਪਰੰਪਰਾ ਵਿੱਚੋਂ ਲਏ ਹਨ। *ਚਿਸ਼ਤੀ ਸੂਫ਼ੀਆਂ ਨੇ ਮੁਹੱਬਤ, ਸ਼ੌਕ, ਯਾਦ, ਨਮਾਜ਼ ਆਦਿ ਵਿਸ਼ਿਆਂ ਬਾਰੇ ਹਦਾਇਤਾਂ ਦਿੱਤੀਆਂ ਹਨ, ਪਰ ਨੇਕ ਅਮਲਾਂ ਦੀ ਸਿੱਖਿਆ ਅਤੇ ਬਦਅਮਲਾਂ ਤੋਂ ਬਚਣ ਦੇ ਸੰਕੇਤ ਵੀ ਦਿੱਤੇ ਹਨ। ਇਸ ਸੰਪ੍ਰਦਾਇ ਵਿੱਚ ਕਲਮਾ-ਏ-ਸ਼ਹਾਦਤ ਪੜ੍ਹਦੇ ਵਕਤ 'ਲਾ-ਇਲਾਹਾ ਇੱਲ-ਲੱਲਾਹ' ਉੱਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਇਹ ਸੂਫ਼ੀ 'ਸਮਾਅ' (ਸੰਗੀਤ) ਨੂੰ ਵਿਸ਼ੇਸ਼ ਮਹੱਤਵ ਦਿੰਦੇ ਸਨ ਅਤੇ ਇਸਨੂੰ ਸੂਫ਼ੀ ਸਾਧਨਾ ਵਿੱਚ ਸਹਾਇਕ ਤਸੱਵੁਰ ਕਰਦੇ ਸਨ।* [9]

ਕਾਦਰੀ ਸੰਪ੍ਰਦਾਇ ਦੇ ਸੂਫ਼ੀ ਰੋਜ਼ੇ, ਨਮਾਜ਼ਾਂ ਅਤੇ ਹੋਰ ਬਾਹਰੀ ਨੁਮਾਇਸ਼ਾਂ ਆਦਿ ਦਾ ਤਿੱਖਾ ਖੰਡਨ ਕਰਕੇ ਸ਼ਰ੍ਹਾ ਦਾ ਅਮਲੀ ਰੂਪ ਵਧੇਰੇ ਪ੍ਰਚਾਰਿਆ ਹੈ। ਕਾਦਰੀ ਸੂਫ਼ੀਆਂ ਵਿੱਚ ਧਾਰਮਿਕ ਬੰਦਸ਼ਾਂ ਤੋਂ ਮੁਕਤੀ ਦੀ ਇੱਛਾ ਦੀ ਤੀਬਰਤਾ ਬਹੁਤ ਬਲਵਾਨ ਪ੍ਰਤੀਤ ਹੁੰਦੀ ਹੈ। *ਕਾਦਰੀ ਸੂਫ਼ੀ ਵਿਚਾਰਧਾਰਾ ਅਨੁਸਾਰ ਲੋਕਾਚਾਰੀ ਦੀ ਨਮਾਜ਼ ਇਲਾਹੀ ਦਰਗਾਹ ਵਿੱਚ ਕਬੂਲ ਨਹੀਂ ਹੁੰਦੀ। ਇਸ ਵਿਚਾਰਧਾਰਾ ਅੰਤਰਗਤ ਪ੍ਰਮਾਤਮਾ ਦੀ ਹੋਂਦ ਕਣ-ਕਣ ਵਿੱਚ ਮੌਜੂਦ ਹੈ। ਇਸ ਸੰਪ੍ਰਦਾਇ ਦਾ ਇੱਕ ਪ੍ਰਮੁੱਖ ਮੱਤ ਹੈ ਕਿ ਸਾਧਕ ਹਿਜਰ ਵਿਛੋੜੇ ਦੇ ਸੱਲ ਨਾ ਸਹਿੰਦਾ ਹੋਇਆ ਇਸ਼ਕ ਦੇ ਰਾਹ ਤੋਂ ਗੁੰਮਰਾਹ ਨਹੀਂ ਹੁੰਦਾ, ਹਰ ਮੁਸੀਬਤ ਨੂੰ ਮਹਿਬੂਬ ਹਕੀਕੀ ਦੀ ਰਜ਼ਾ ਸਮਝ ਕੇ ਅੱਗੇ ਤੋਂ ਅੱਗੇ ਤੁਰਿਆ ਰਹਿੰਦਾ ਹੈ, ਤਦ ਇੱਕ ਦਿਨ ਐਸਾ ਆਵੇਗਾ ਜਦ ਕਿ ਉਸ ਦਾ ਮਿਲਾਪ ਪ੍ਰੀਤਮ ਨਾਲ ਹੋ ਜਾਵੇਗਾ। ਇਸ ਸੰਪ੍ਰਦਾਇ ਵਿੱਚ ਪਰਮਾਤਮਾ ਦੇ ਸਿਮਰਨ ਦੇ ਚਾਰ ਤਰੀਕੇ ਦੱਸੇ ਗਏ ਹਨ: ਜ਼ਿਕਰ ਯਕ ਜ਼ਰਬੀ, ਜ਼ਿਕਰ ਦੋ ਜ਼ਰਬੀ, ਜ਼ਿਕਰ ਸਹ ਜ਼ਰਬੀ, ਜ਼ਿਕਰ ਚਹਾਰ ਜ਼ਰਬੀ।* [10]

ਸਾਰੀਆਂ ਸੂਫ਼ੀ ਸੰਪ੍ਰਦਾਵਾਂ ਵਿੱਚ ਸੂਫ਼ੀ ਤਿੰਨ ਮੰਜ਼ਿਲਾਂ- ਸ਼ਰੀਅਤ, ਤਰੀਕਤ ਅਤੇ ਮਾਰਫ਼ਤ ਪਾਰ ਕਰਕੇ ਚੌਥੀ ਮੰਜ਼ਿਲ ਹਕੀਕਤ ਤੱਕ ਪੁੱਜਦਾ ਹੈ। ਇੱਥੇ ਸਾਧਕ ਆਪਣੀ ਖ਼ੁਦੀ ਮਿਟਾ ਦਿੰਦਾ ਹੈ ਅਤੇ ਹਕੀਕਤ ਵਿੱਚ ਲੀਨ ਹੋ ਕੇ ਖ਼ੁਦ ਹਕੀਕਤ ਬਣ ਜਾਂਦਾ ਹੈ। ਇਸ ਪੜਾਅ ਨੂੰ ਸੂਫ਼ੀ 'ਫ਼ਨਾ-ਫ਼ਿਲਾ' ਦੀ ਮੰਜ਼ਿਲ ਕਹਿੰਦੇ ਹਨ। *ਸ਼ੇਖ਼ ਅਹਿਮਦ ਸਰਹਿੰਦੀ ਨੇ ਸ਼ਰੀਅਤ ਨੂੰ ਅੱਗੋਂ ਤਿੰਨ ਭਾਗਾਂ ਵਿੱਚ ਵੰਡਿਆ ਹੈ: ਪਹਿਲਾ ਇਲਮ, ਦੂਜਾ ਅਮਲ ਅਤੇ ਤੀਜਾ ਇਖ਼ਲਾਸ। ਭਾਵ ਸ਼ਰੀਅਤ ਦੁਆਰਾ ਪੇਸ਼ ਧਾਰਨਾਵਾਂ 'ਤੇ ਈਮਾਨ ਲਿਆਉਣਾ ਅਤੇ ਸੱਚੇ*

*ਦਿਲ ਅਤੇ ਖ਼ਲੂਸ ਭਰੀ ਨੀਅਤ ਨਾਲ ਸਿਰਫ਼ ਅੱਲਾਹ ਦੀ ਰਜ਼ਾ ਦੇ ਲਈ ਸ਼ਰੀਅਤ ਦੇ ਹੁਕਮਾਂ ਦੀ ਪਾਲਣਾ ਕਰਨਾ।*[11]

ਸੂਫ਼ੀਵਾਦ ਵਿੱਚ 'ਵਹਿਦਤ-ਉਲ-ਵਜੂਦ'(ਜਿਸਨੂੰ ਫ਼ਾਰਸੀ ਵਿੱਚ 'ਹਮਾਓਸਤ' ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ- ਸਭ ਕੁਝ ਖ਼ੁਦਾ ਹੈ) ਦਾ ਸਿਧਾਂਤ ਬਹੁਤ ਮਹੱਤਤਾ ਰੱਖਦਾ ਹੈ। ਹਜ਼ਰਤ ਇਬਨੇ-ਅਰਬੀ, ਮਨਸੂਰ ਹੱਲਾਜ, ਮੌਲਾਨਾ ਜਲਾਲ-ਉਦ-ਦੀਨ ਰੂਮੀ, ਹਜ਼ਰਤ ਬੁੱਲ੍ਹੇ ਸ਼ਾਹ, ਖ਼ਵਾਜਾ ਗ਼ੁਲਾਮ ਫ਼ਰੀਦ ਆਦਿ ਸੂਫ਼ੀ ਦਰਵੇਸ਼ ਇਸ ਸਿਧਾਂਤ ਦੇ ਪ੍ਰਮੁੱਖ ਰੂਪ ਵਿੱਚ ਧਾਰਨੀ ਹਨ। ਸ਼ੇਖ਼ ਅਹਿਮਦ ਨੇ ਬਾਤਿਨੀ ਕੈਫ਼ੀਅਤ ਦੇ ਰੂਹ ਦੀ ਪਾਕੀਜ਼ਗੀ ਤੋਂ ਬਾਦ ਆਉਣ ਵਾਲੇ ਪਵਿੱਤਰ ਵਿਚਾਰਾਂਅਤੇ ਲੁਕੀਆਂ ਹੋਈਆਂ ਸੱਚਾਈਆਂ ਦੇ ਅਹਿਸਾਸ ਉੱਤੇ ਬਹੁਤ ਵਿਸਥਾਰ ਨਾਲ ਆਪਣੇ ਖ਼ਤਾਂ ਵਿੱਚ ਲਿਖਿਆ ਹੈ। ਉਹਨਾਂ ਵਿੱਚ 'ਵਹਿਦਤ-ਉਲ-ਵਜੂਦ' ਦਾ ਵਿਸ਼ਾ ਵੀ ਸੀ। 'ਵਹਿਦਤ-ਉਲ-ਵਜੂਦ' ਤੋਂ ਭਾਵ ਹੈ ਵਜੂਦ ਦਾ ਇੱਕ ਹੋਣਾ। ਸੋ ਇੱਕ ਹੋਣ ਤੋਂ ਭਾਵ ਇਹੀ ਹੈ ਕਿ ਅੱਲ੍ਹਾ ਇੱਕ ਹੈ ਅਤੇ ਉਹ ਪਰਮ ਸੱਤ ਹੈ। ਸ਼ੇਖ਼ ਅਹਿਮਦ ਸਰਹਿੰਦੀ ਵੀ ਇਸੇ ਸੰਕਲਪ ਵਿੱਚੋਂ ਆਪਣਾ ਮੁਹਾਵਰਾ ਘੜ੍ਹਦੇ ਹੋਏ ਹਰ ਵਿਅਕਤੀ ਅੰਦਰ ਖ਼ੁਦਾ ਹੋਣ ਦੀ ਗੱਲ ਕਰਦੇ ਹਨ ਅਤੇ ਮੰਨਦੇ ਹਨ ਕਿ ਸ੍ਰਿਸ਼ਟੀ ਦਾ ਹਰ ਮੈਟਰ ਖ਼ੁਦਾ ਦੇ ਜਲਵੇ ਦੀ ਤਰਜ਼ਮਾਨੀ ਕਰਦਾ ਹੈ।

ਸ਼ੇਖ਼ ਅਹਿਮਦ ਨੇ ਵਹਿਦਤ-ਉਲ-ਵਜੂਦ ਅਤੇ ਵਹਿਦਤ-ਉਲ-ਸ਼ਹੂਦ ਦੋਹਾਂ ਦੀ ਵਿਆਖਿਆ ਕੀਤੀ ਹੈ। ਇਹਨਾਂ ਵਿੱਚ ਅੰਤਰ ਸਪੱਸ਼ਟ ਕਰਦੇ ਹਨ। ਉਹਨਾਂ ਅਨੁਸਾਰ 'ਵਹਿਦਤ-ਉਲ-ਸ਼ਹੂਦ' ਤੋਂ ਭਾਵ ਹੈ ਕਿ ਖ਼ੁਦਾ ਨੂੰ ਇੱਕ ਹੀ ਜ਼ਾਤ ਸਮਝਦੇ ਹੋਏ, ਹੋਰ ਕੁੱਝ ਨਜ਼ਰ ਨਾ ਆਉਣਾ। ਅਤੇ 'ਵਹਿਦਤ-ਉਲ-ਵਜੂਦ' ਤੋਂ ਭਾਵ ਹੈ ਕਿ ਇੱਕ ਹੀ ਜ਼ਾਤ ਨੂੰ ਮੌਜੂਦ ਮੰਨਣਾ ਅਤੇ ਉਸ ਤੋਂ ਇਲਾਵਾ ਨੂੰ ਬਿਲਕੁਲ ਖ਼ਤਮ ਸਮਝਣਾ। ਮੌਜੂਦ ਨਾ ਹੋਣ ਦੇ ਬਾਵਜੂਦ ਅੱਲਾਹ ਦੇ ਜਲਵੇ ਅਤੇ ਦੁਨੀਆਂ ਦੀ ਹਰ ਚੀਜ਼ ਨੂੰ ਇੱਕ ਹੀ ਸਮਝਣਾ। ਉਹ ਇਸ ਖ਼ਤ ਰਾਹੀਂ ਇਸਦੀ ਵਿਆਖਿਆ ਕਰਦੇ ਹਨ:

*"ਜਿਵੇਂ ਕਿਸੇ ਸ਼ਖ਼ਸ ਨੂੰ ਸੂਰਜ ਦੇ ਵਜੂਦ ਦਾ ਯਕੀਨ ਹਾਸਿਲ ਹੋ ਗਿਆ ਹੋਵੇ ਤਾਂ ਉਸਨੂੰ ਇਸ ਯਕੀਨ ਦੇ ਹੋਣ ਨਾਲ ਇਹ ਜ਼ਰੂਰੀ ਨਹੀਂ ਕਿ ਉਹ ਉਸ ਸਮੇਂ ਤਾਰਿਆਂ ਨੂੰ ਗ਼ਾਇਬ ਅਤੇ ਨੇਸਤ-ਓ-ਨਾਬੂਦ ਸਮਝੇ, ਪਰ ਜਿਸ ਸਮੇਂ ਉਹ ਸੂਰਜ ਨੂੰ ਦੇਖੇਗਾ ਤਾਂ ਇਹ ਜ਼ਰੂਰੀ ਹੈ ਕਿ ਉਹ ਤਾਰਿਆ ਨੂੰ ਦੇਖ ਨਹੀਂ ਸਕੇਗਾ ਅਤੇ ਸੂਰਜ ਦੇ ਬਿਨਾਂ ਉਸਨੂੰ ਹੋਰ ਕੁਝ ਨਜ਼ਰ ਨਹੀਂ ਆਵੇਗਾ ਅਤੇ ਉਹ ਉਸ ਸਮੇਂ ਇਹ ਜਾਣਦਾ ਹੈ ਕਿ ਤਾਰੇ ਨੇਸਤ-ਓ-ਨਾਬੂਦ ਨਹੀਂ ਹਨ ਬਲਕਿ ਛੁਪੇ ਹੋਏ ਹਨ ਅਤੇ ਸੂਰਜ ਦੀ ਰੌਸ਼ਨੀ ਵਿੱਚ ਦਬ ਗਏ ਹਨ (ਇਹ ਹਾਲਤ ਤੌਹੀਦੇ ਸ਼ਹੂਦੀ ਦੀ ਹੈ)। ਇਹ ਸ਼ਖ਼ਸ ਉਸ ਸਮੂਹ ਦਾ ਇਨਕਾਰ ਕਰਦਾ ਹੈ ਉਸ ਸਮੇਂ ਦੌਰਾਨ ਤਾਰਿਆਂ ਦੇ ਵਜੂਦ ਤੋਂ ਇਨਕਾਰ ਕਰਦੇ ਹਨ ਅਤੇ ਇਹ ਵਿਅਕਤੀ ਜਾਣਦਾ ਹੈ ਕਿ ਇਸ ਰੂਹਾਨੀ ਗਿਆਨ, ਯਾਨੀ ਤਾਰਿਆਂ ਦੇ ਵਜੂਦ ਦਾ ਇਨਕਾਰ ਕਰਨਾ ਹਕੀਕਤ ਦੇ ਖ਼ਿਲਾਫ਼ ਹੈ। ਬੱਸ ਤੌਹੀਦੇ- ਵਜੂਦੀ, ਕਿ ਜਿਸ ਵਿੱਚ ਇੱਕ ਜ਼ਾਤ ਦੇ ਇਲਾਵਾ ਕਿਸੇ ਹੋਰ ਦਾ ਇਨਕਾਰ ਕਰਨਾ ਹੈ, ਅਕਲ ਅਤੇ ਸ਼ਰੀਅਤ ਦੇ ਖ਼ਿਲਾਫ਼ ਹੈ"*[12]

ਸੁਹਰਾਵਰਦੀ ਸਿਲਸਿਲੇ ਵਿੱਚ ਸਾਹ ਬੰਦ ਕਰਕੇ 'ਅੱਲਾਹ ਹੂ' ਦਾ ਵਿਰਦ ਕਰਨ ਦਾ ਵਿਸ਼ੇਸ਼ ਪ੍ਰਚਲਨ ਹੈ। ਇਸ ਵਿੱਚ ਜ਼ਿਕਰ-ਏ-ਜਲੀ ਅਤੇ ਜ਼ਿਕਰ-ਏ-ਖ਼ਫ਼ੀ ਦੋਵਾਂ 'ਤੇ ਬਲ ਦਿੱਤਾ ਜਾਂਦਾ ਹੈ। ਜਦ ਕਿ ਡਾ. ਮੁਹੰਮਦ ਇਕਰਾਮ ਅਨੁਸਾਰ, *"ਨਕਸ਼ਬੰਦੀ ਸੂਫ਼ੀ ਜ਼ਿਕਰ-ਏ-ਜਲੀ ਨੂੰ ਪਸੰਦ ਨਹੀਂ ਕਰਦੇ ਅਤੇ ਕੇਵਲ ਜ਼ਿਕਰ-ਏ-ਖ਼ਫ਼ੀ ਨੂੰ ਉਚਿਤ ਸਮਝਦੇ ਹਨ।*[13]

ਸੁਹਰਾਵਰਦੀ ਵਿਚਾਰਧਾਰਾ ਅਨੁਸਾਰ ਸੂਫ਼ੀ ਹੋਣ ਦੇ ਤਿੰਨ ਮੂਲ ਆਧਾਰ ਹਨ- ਫ਼ਕਰ, ਸੇਵਾ ਅਤੇ ਤਿਆਗ। ਫ਼ਕਰ ਦੀ ਉੱਤਮਤਾ ਫ਼ਕੀਰ ਦੀ ਸ਼ਖ਼ਸੀਅਤ ਉੱਪਰ ਨਿਰਭਰ ਕਰਦੀ ਹੈ। *ਸੂਫ਼ੀ ਦਰਵੇਸ਼ ਦੀ ਜੀਵਨ ਜਾਚ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ। ਸੂਫ਼ੀ ਨਿੱਜੀ ਇਲਮ ਦੇ ਮੁਕਾਬਲੇ ਇਲਾਹੀ ਇਲਮ ਨੂੰ ਅਤੇ ਨਿੱਜੀ ਮਰਜ਼ੀ ਦੇ ਮੁਕਾਬਲੇ ਇਲਾਹੀ ਮਰਜ਼ੀ ਨੂੰ ਤਰਜੀਹ ਦਿੰਦਾ ਹੈ। ਇਸ ਆਤਮ ਤਿਆਗ ਦੇ ਫ਼ਲਸਰੂਪ ਹੀ ਫ਼ਕੀਰ ਨੂੰ ਅਧਿਆਤਮਕ ਮਾਰਫ਼ਤ ਪ੍ਰਾਪਤ ਹੁੰਦੀ ਹੈ।*[14]

ਲੱਗਭਗ ਸਾਰੇ ਹੀ ਸੂਫ਼ੀਆਂ ਨੇ ਵਹਿਦਤ-ਉਲ-ਵਜੂਦ ਦੇ ਸੰਕਲਪ ਦੀ ਪ੍ਰੋੜ੍ਹਤਾ ਕੀਤੀ ਹੈ। ਪਰ ਹਜ਼ਰਤ ਮੁਜੱਦਿਦ ਅਲਿਫ਼ਸਾਨੀ ਨੇ ਵਹਿਦਤ-ਉਲ-ਵਜੂਦ ਦੀ ਵਿਰੋਧਤਾ ਕਰਦਿਆਂ ਵਹਿਦਤ-ਉਲ-ਸ਼ਹੂਦ ਦਾ ਨਜ਼ਰੀਆ ਪੇਸ਼ ਕੀਤਾ। ਉਹਨਾਂ ਨੇ ਸਪੱਸ਼ਟ ਰੂਪ ਵਿੱਚ ਇਹ ਵਿਚਾਰ ਪੇਸ਼ ਕੀਤਾ ਕਿ ਰੱਬ ਰੱਬ ਹੈ ਅਤੇ ਬੰਦਾ ਬੰਦਾ ਹੈ। ਨਕਸ਼ਬੰਦੀ ਸਿਲਸਿਲਾ ਦੋਨਾਂ ਵਿਚਾਲੇ ਅਬਦ (ਸੇਵਕ) ਅਤੇ ਰੱਬ (ਮਾਲਿਕ) ਦਾ ਰਿਸ਼ਤਾ ਹੀ ਉਚਿਤ ਅਤੇ ਦਰੁਸਤ ਮੰਨਦਾ ਹੈ। ਹਜ਼ਰਤ ਮੁਜੱਦਿਦ ਅਨੁਸਾਰ ਤਰੀਕਤ ਅਤੇ ਹਕੀਕਤ ਦੋਵੇਂ ਸ਼ਰੀਅਤ ਦੀਆਂ ਖ਼ਿਦਮਤਗ਼ਾਰ ਹਨ। ਉਹ ਨਕਸ਼ਬੰਦੀ ਸਿਲਸਿਲੇ ਨੂੰ ਹੋਰਨਾਂ ਸਿਲਸਿਲਿਆ ਨਾਲੋਂ ਸਰਬੋਤਮ ਸਮਝਦੇ ਸਨ। ਚਿੱਲਾ-ਕਸ਼ੀ ਆਪ ਦੇ ਨਜ਼ਦੀਕ ਗ਼ੈਰ ਜ਼ਰੂਰੀ ਹੈ। *ਆਮ ਤੌਰ 'ਤੇ ਬਾਕੀ ਸੂਫ਼ੀ ਸੰਪ੍ਰਦਾਇ ਹਜ਼ਰਤ ਹਸਨ ਬਸਰੀ ਦੇ ਵਾਸਤੇ ਨਾਲ ਹਜ਼ਰਤ ਅਲੀ ਨਾਲ ਸੰਬੰਧਿਤ ਸਨ ਪਰੰਤੂ ਨਕਸ਼ਬੰਦੀਆ ਸੰਪ੍ਰਦਾਇ ਇਸ ਗੱਲੋਂ ਵਿਲੱਖਣਤਾ ਦਾ ਧਾਰਨੀ ਹੈ ਕਿ ਇਸ ਦਾ ਸੰਬੰਧ ਹਜ਼ਰਤ ਅਬੂ ਬਕਰ ਸਿੱਦੀਕ ਨਾਲ ਜੁੜਦਾ ਹੈ।*[15]

ਚਿਸ਼ਤੀ ਸੰਪ੍ਰਦਾਇ ਜਿੱਥੇ ਸ਼ਰ੍ਹਾ ਦੀ ਪਾਬੰਦੀ ਵਿੱਚ ਰਹਿ ਕੇ ਅਧਿਆਤਮਕ ਯਾਤਰਾ ਦੀ ਹਾਮੀ ਭਰਦਾ ਹੈ; ਉੱਥੇ ਕਾਦਰੀ ਸੰਪਰਦਾਇ ਬਾਹਰੀ ਭੇਖ ਅਤੇ ਫੋਕੀਆਂ ਸ਼ਰਈ ਰਸਮਾਂ ਨੂੰ ਤਰਕ ਕਰਕੇ ਅਮਲੀ ਰੂਪ ਵਿੱਚ ਅੰਦਰੋਂ ਪਾਕ ਹੋਣ ਨੂੰ ਹੀ ਅਧਿਆਤਮਕ ਯਾਤਰਾ ਦਾ ਪਹਿਲਾ ਚਰਨ ਮੰਨਦਾ ਹੈ। ਸੁਹਰਾਵਰਦੀ ਸੰਪ੍ਰਦਾਇ ਵਿੱਚ ਸ਼ਰ੍ਹਾ ਅਨੁਸਾਰ ਨਮਾਜ਼ ਅਦਾ ਕਰਨੀ ਅਤੇ ਰੋਜ਼ੇ ਰੱਖਣ ਉੱਤੇ ਬਹੁਤ ਜ਼ੋਰ ਦਿੱਤਾ ਜਾਂਦਾ ਸੀ। ਨਕਸ਼ਬੰਦੀ ਸੰਪ੍ਰਦਾਇ ਸ਼ਰ੍ਹਾ ਤੋਂ ਮੁਨਕਰ ਨਾ ਹੋ ਕੇ ਹੋਰਨਾਂ ਸੂਫ਼ੀਆਂ ਨੂੰ ਤਾੜਨਾ ਵੀ ਕਰਦਾ ਹੈ ਕਿ ਅਸਲ ਅਮਲ ਸ਼ਰ੍ਹਾ ਦੀ ਪਾਬੰਦੀ ਹੀ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸੂਫ਼ੀ ਸਾਧਨਾ ਦੀਆਂ ਦੋ ਪ੍ਰਮੁੱਖ ਵਿਧੀਆਂ ਹਨ: ਤਰੀਕ-ਏ-ਜਜ਼ਬ ਅਤੇ ਤਰੀਕ-ਏ-ਸਲੂਕ। ਇਹਨਾਂ ਦੋਹਾਂ ਵਿਧੀਆਂ 'ਤੇ ਅਧਾਰਿਤ ਮਾਰਫ਼ਤ ਵਿਲੱਖਣਤਾ ਅਤੇ ਵਿਭਿੰਨਤਾ ਦੀ ਲਖਾਇਕ ਹੈ। ਇਸ਼ਕ 'ਤੇ ਅਧਾਰਿਤ ਮਾਰਫ਼ਤ ਦੇ ਧਾਰਨੀ ਸੂਫ਼ੀ ਦਰਵੇਸ਼ ਆਮ ਤੌਰ 'ਤੇ ਸੁਕਰ ਅਤੇ ਵਹਿਦਤ-ਉਲ-ਵਜੂਦ ਦੇ ਧਾਰਨੀ ਹੁੰਦੇ ਹਨ। ਤਰੀਕ-ਏ-ਸਲੂਕ 'ਤੇ ਅਧਾਰਿਤ ਮਾਰਫ਼ਤ ਵਾਲੇ ਸੂਫ਼ੀ ਦਰਵੇਸ਼ ਆਮ ਤੌਰ 'ਤੇ ਸ਼ਰੀਅਤ ਦੇ ਵਧੇਰੇ ਪਾਬੰਦ, ਸਹਿਵ ਅਤੇ ਵਹਿਦਤ-ਉਲ-ਸ਼ਹੂਦ ਦੇ ਧਾਰਨੀ ਹੁੰਦੇ ਹਨ। ਕਿਸੇ ਵੀ ਸੂਫ਼ੀ ਸੰਪ੍ਰਦਾਇ ਨਾਲ ਸੰਬੰਧਿਤ ਦਰਵੇਸ਼ ਦੀ ਅਧਿਆਤਮਕ ਪ੍ਰਕਿਰਤੀ ਉਸਦੇ ਮਿਜ਼ਾਜ ਅਤੇ ਉਸਦੀ ਇਲਾਹੀ ਲੀਨਤਾ 'ਤੇ ਬਹੁਤ ਨਿਰਭਰ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਰਾਧਾ ਕ੍ਰਿਸ਼ਨਨ, ਹਿਸਟਰੀ ਆਫ਼ ਫਿਲਾਸਫ਼ੀ- ਈਸਟਰਨ ਐਂਡ ਵੈਸਟਰਨ, ਜਾਰਜ ਐਲਨ ਐਂਡ ਅਨਵਿਨ, ਲੰਦਨ, ਪੰਨਾ: 182*
2. *ਸ਼ਿਹਾਬੁੱਦੀਨ ਸੁਹਰਾਵਰਦੀ, ਅਵਾਰਿਫ਼-ਉਲ-ਮਆਰਿਫ਼, ਫ਼ਰੀਦ ਬੁੱਕ ਡਿਪੂ, ਨਵੀਂ ਦਿੱਲੀ, ਪੰਨਾ: 266*
3. *ਰਿਜ਼ਵੀ, ਅਤਹਰ ਅੱਬਾਸ,ਏ ਹਿਸਟਰੀ ਆਫ਼ਸੂਫ਼ੀਇਜ਼ਮ ਇਨ ਇੰਡੀਆ, ਮੁਂਸ਼ੀਰਾਮ ਮਨੋਹਰਲਾਲ ਪਬਲਿਸ਼ਰਜ਼, ਪੰਨਾ: 95-97*
4. *ਸ਼ਾਸ਼ਤਰੀ, ਐਮ. ਏ.ਆਊਟ ਲਾਈਨਜ਼ ਆਫ਼ ਇਸਲਾਮਿਕ ਕਲਚਰ, ਬੰਗਲੌਰ ਪ੍ਰੈੱਸ, ਬੰਗਲੌਰ ਸਿਟੀ, ਪੰਨਾ: 359*
5. *ਅਨਵਰ ਚਿਰਾਗ਼ (2016)ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਗਰੇਸ਼ੀਅਸ ਬੁੱਕਸ, ਪਟਿਆਲਾ, ਪੰਨਾ: 199-200 (ਉਧਰਿਤ)*
6. *ਅਨਵਰ ਚਿਰਾਗ਼ (2016)ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਗਰੇਸ਼ੀਅਸ ਬੁੱਕਸ, ਪਟਿਆਲਾ, ਪੰਨਾ: 195-196*
7. *ਜੋਗਿੰਦਰ ਸਿੰਘ, ਸ਼ੇਖ਼ ਫ਼ਰੀਦ ਤੇ ਇਸਲਾਮ, ਪੰਜਾਬੀ ਦੁਨੀਆਂ (ਫ਼ਰੀਦ ਅੰਕ), ਭਾਸ਼ਾ ਵਿਭਾਗ, ਪੰਜਾਬ, ਪੰਨਾ: 166-173*
8. *ਗੁਰਦੇਵ ਸਿੰਘ (2005)ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, ਪੰਨਾ: 73*
9. *ਅਨਵਰ ਚਿਰਾਗ਼ (2016)ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਗਰੇਸ਼ੀਅਸ ਬੁੱਕਸ, ਪਟਿਆਲਾ, ਪੰਨਾ: 199-200 (ਉਧਰਿਤ)*
10. *ਨਿਸ਼ਾਨ ਸਿੰਘ (2015) ਪੰਜਾਬੀ ਸੂਫ਼ੀ ਕਾਵਿ ਵਿੱਚ ਵਿਯੋਗੀ ਮਨੁੱਖ ਦਾ ਸੰਕਲਪ, ਪੰਜ ਆਬ ਪਬਲੀਕੇਸ਼ਨ, ਪੰਨਾ: 29*
11. *ਅਨਵਰ ਚਿਰਾਗ਼ (2016)ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਗਰੇਸ਼ੀਅਸ ਬੁੱਕਸ, ਪਟਿਆਲਾ, ਪੰਨਾ: 221*
12. *ਮੌਲਾਨਾ ਸੱਯਦ ਜ਼ੱਵਾਰ ਹੁਸੈਨ ਸ਼ਾਹ (ਅਨੁਵਾਦ), ਮਕਤੂਬਾਤੇ ਇਮਾਮੇ- ਰੱਬਾਨੀ, ਦਫ਼ਤਰ ਅੱਵਲ, ਮਕਤੂਬ 43, ਹਜ਼ਰਤ ਸ਼ਾਹ ਅਬੁਲ ਖ਼ੈਰ ਅਕਾਦਮੀ, ਦਿੱਲੀ, ਪੰਨਾ: 156*
13. *ਅਨਵਰ ਚਿਰਾਗ਼ (2016)ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਗਰੇਸ਼ੀਅਸ ਬੁੱਕਸ, ਪਟਿਆਲਾ, ਪੰਨਾ: 201*
14. *-ਉਹੀ-, ਪੰਨਾ:: 203-204*
15. *-ਉਹੀ-, ਪੰਨਾ:: 202*